AQA

Please write clearly in block capitals.

Centre number | | | | | |   Candidate number | | | | |

Surname ______________________________

Forename(s) ______________________________

Candidate signature ______________________________
I declare this is my own work.

# A-level
# PANJABI

## Paper 1 Reading and Writing

Wednesday 22 May 2024 Afternoon Time allowed: 2 hours 30 minutes

**Instructions**
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions in Section A and **one** question in Section B.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 85.
- You should note that the quality of your written language in both Panjabi and English will be taken into account when marks are awarded.
- In the summary question you should write no more than 90 words. You should write in full sentences, using your own words as far as possible.
- This paper is divided into **two** sections:
  Section A Reading and Translation 45 marks
  Section B Writing (Research Project) 40 marks.

**Advice**
- You are advised to allocate your time as follows:
  Reading and Translation 1 hour 15 minutes approximately
  Writing (Research Project) 1 hour 15 minutes approximately.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| **TOTAL** | |

Do not write outside the box

## Section A

## Reading and Translation

Answer **all** questions in the spaces provided.

**0 1** **ਮਹਾਰਾਜਾ ਰਣਜੀਤ ਸਿੰਘ**

ਮਹਾਰਾਜਾ ਰਣਜੀਤ ਸਿੰਘ ਦੀ ਜੀਵਨੀ ਬਾਰੇ ਡਾਕਟਰ ਗੁਰਦੀਪ ਕੌਰ ਦੇ ਲਿਖੇ ਇੱਕ ਰਿਸਰਚ ਪੇਪਰ ਦਾ ਇਹ ਅੰਸ਼ ਪੜ੍ਹੋ। ਵਾਰਤਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਮਹਾਰਾਜਾ ਰਣਜੀਤ ਸਿੰਘ, ਜਿਨ੍ਹਾਂ ਨੂੰ ‘ਸ਼ੇਰ-ਏ-ਪੰਜਾਬ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਨੇ 1799 ਵਿੱਚ ਸਿੱਖ ਰਾਜ ਦੀ ਨੀਂਹ ਰੱਖੀ। ਉਨ੍ਹਾਂ ਨੇ ਭਾਰਤ ਦੇ ਉੱਤਰ-ਪੱਛਮੀ ਇਲਾਕੇ ਤੇ ਲਗਭਗ 40 ਸਾਲ ਰਾਜ ਕੀਤਾ। ਉਹ ਦੂਰਦਰਸ਼ੀ ਹੀ ਨਹੀਂ ਬਲਕਿ ਦਿਆਲੂ ਵੀ ਸਨ ਅਤੇ ਸਾਰੇ ਧਰਮਾਂ ਦਾ ਆਦਰ ਕਰਦੇ ਸਨ। ਉਨ੍ਹਾਂ ਦੇ ਰਾਜ ਦਰਬਾਰ ਵਿੱਚ ਸਿੱਖਾਂ ਤੋਂ ਇਲਾਵਾ ਮੁਸਲਮਾਨ, ਹਿੰਦੂ ਅਤੇ ਈਸਾਈ ਧਰਮਾਂ ਦੇ ਲੋਕ ਵੀ ਉੱਚੇ ਅਹੁਦਿਆਂ ਤੇ ਨਿਯੁਕਤ ਸਨ ਪਰ ਨੌਕਰੀਆਂ ਧਰਮ ਦੇ ਆਧਾਰ ਤੇ ਨਹੀਂ ਬਲਕਿ ਯੋਗਤਾ ਦੇ ਆਧਾਰ ਤੇ ਦਿੱਤੀਆਂ ਜਾਂਦੀਆਂ ਸਨ।

ਆਪਣੀ ਰਾਜਨੀਤਕ ਸੂਝ-ਬੂਝ ਅਤੇ ਤਾਕਤ ਨਾਲ ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ, ਪਿਸ਼ਾਵਰ, ਕਸ਼ਮੀਰ ਅਤੇ ਹੋਰ ਕਈ ਮੁਗਲ ਹਕੂਮਤ ਵਾਲੇ ਇਲਾਕੇ ਆਪਣੇ ਅਧੀਨ ਕਰ ਲਏ ਸਨ, ਫਿਰ ਵੀ ਉਨ੍ਹਾਂ ਨੇ ਇਨ੍ਹਾਂ ਇਲਾਕਿਆਂ ਦੀ ਪਰਜਾ ਤੇ ਕੋਈ ਅੱਤਿਆਚਾਰ ਨਹੀਂ ਹੋਣ ਦਿੱਤਾ ਅਤੇ ਨਾ ਹੀ ਦੂਸਰੇ ਧਰਮਾਂ ਦੇ ਲੋਕਾਂ ਤੇ ਸਿੱਖ ਧਰਮ ਥੋਪਣ ਦੀ ਕੋਈ ਕੋਸ਼ਿਸ਼ ਕੀਤੀ। ਲਾਹੌਰ ਨੂੰ ਜਿੱਤਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਉੱਥੋਂ ਦੀ ਸੁਨਹਿਰੀ ਮਸਜਿਦ, ਜਿਸ ਉੱਤੇ ਗੈਰ-ਮੁਸਲਮਾਨਾਂ ਨੇ ਕਬਜ਼ਾ ਕੀਤਾ ਹੋਇਆ ਸੀ, ਨੂੰ ਮੁੜ ਮੁਸਲਮਾਨਾਂ ਦੇ ਹਵਾਲੇ ਕੀਤਾ। ਲਾਹੌਰ ਦੇ ‘ਹਜ਼ਰਤ ਦਾਤਾ ਗੰਜ ਬਖਸ਼’ ਅਤੇ ‘ਮੌਜ-ਏ-ਦਰਿਆ’ ਵਰਗੇ ਮਕਬਰਿਆਂ ਦੀ ਮੁਰੰਮਤ ਵੀ ਰਾਜਸੀ ਖਜ਼ਾਨੇ ਤੋਂ ਰਕਮ ਦੇ ਕੇ ਕਰਵਾਈ ਗਈ। ਨਿਰਧਨ ਅਤੇ ਲੋੜਵੰਦ ਲੋਕਾਂ ਦੇ ਇਲਾਜ ਲਈ ਉਨ੍ਹਾਂ ਨੇ ਲਾਹੌਰ ਵਿਖੇ ਇੱਕ ਮੁਫਤ ਹਸਪਤਾਲ ਵੀ ਖੁਲ੍ਹਵਾਇਆ ਅਤੇ ਉਸ ਦੀ ਦੇਖ-ਭਾਲ ਲਈ ਆਪਣੇ ਨਿੱਜੀ ਹਕੀਮ ਨੂਰਉੱਦੀਨ ਨੂੰ ਨਿਯੁਕਤ ਕੀਤਾ।

Do not write outside the box

**0 1 . 1** ਵਾਰਤਾ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਾਰਿਆਂ ਨੂੰ ਨੌਕਰੀਆਂ ਦੇ ਬਰਾਬਰ ਮੌਕੇ ਮਿਲਣ ਦਾ ਕੀ ਸਬੂਤ ਮਿਲਦਾ ਹੈ ?

**[1 mark]**

**0 1 . 2** ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜਿੱਤੇ ਹੋਏ ਖੇਤਰਾਂ ਦੇ ਲੋਕਾਂ ਨਾਲ ਕਿਹੋ ਜਿਹਾ ਵਿਵਹਾਰ ਕੀਤਾ ?

**[1 mark]**

**0 1 . 3** ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਜਿੱਤਣ ਤੋਂ ਬਾਅਦ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਕਿਵੇਂ ਬਣਾਈ ਰੱਖੀ ? **ਦੋ** ਗੱਲਾਂ ਲਿਖੋ ।

**[2 marks]**

**0 1 . 4** ਜ਼ਰੂਰਤਮੰਦ ਅਤੇ ਗਰੀਬ ਲੋਕਾਂ ਲਈ ਮਹਾਰਾਜਾ ਰਣਜੀਤ ਸਿੰਘ ਨੇ ਕੀ ਉਪਰਾਲਾ ਕੀਤਾ ?

**[1 mark]**

**Question 1 continues on the next page**

Do not write outside the box

ਹੇਠ ਲਿਖੇ ਸ਼ਬਦਾਂ / ਪ੍ਰਗਟਾਵਾਂ ਦੇ ਸਮਾਨ ਅਰਥ ਸ਼ਬਦ / ਪ੍ਰਗਟਾਅ ਵਾਰਤਾ ਵਿੱਚੋਂ ਲੱਭ ਕੇ ਲਿਖੋ ।
ਸ਼ਬਦ / ਪ੍ਰਗਟਾਅ ਵਾਰਤਾ ਦੀ ਤਰਤੀਬ ਅਨੁਸਾਰ ਹਨ:

**0 1 . 5** ਰਹਿਮ-ਦਿਲ

**[1 mark]**

___

___

**0 1 . 6** ਸ਼ਕਤੀ

**[1 mark]**

___

___

**0 1 . 7** ਜ਼ੁਲਮ

**[1 mark]**

___

___

8

Do not write outside the box

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**0 2** **ਪੰਜਾਬ ਦੀ ਰਾਜਨੀਤੀ ਵਿੱਚ ਔਰਤਾਂ ਦੀ ਭੂਮਿਕਾ**

1952 ਤੋਂ 2023 ਤੱਕ ਪੰਜਾਬ ਦੀ ਰਾਜਨੀਤੀ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਇਹ ਜਾਣਕਾਰੀ ਪੜ੍ਹੋ।

ਅੱਜ ਤੱਕ ਪੰਜਾਬ ਦੀ ਰਾਜਨੀਤੀ ਵਿੱਚ ਔਰਤਾਂ ਦੀ ਭੂਮਿਕਾ ਬਹੁਤ ਘਟ ਰਹੀ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਪਹਿਲੀ ਵਾਰ ਸੰਨ 1952 ਵਿੱਚ ਹੋਈਆਂ ਸਨ। ਪਰ ਹੁਣ ਤੱਕ ਸਿਰਫ 507 ਔਰਤਾਂ ਨੇ ਇਨ੍ਹਾਂ ਚੋਣਾਂ ਵਿੱਚ ਉਮੀਦਵਾਰ ਵਜੋਂ ਭਾਗ ਲਿਆ ਅਤੇ ਸਿਰਫ 89 ਔਰਤਾਂ ਵਿਧਾਨ ਸਭਾ ਲਈ ਚੁਣੀਆਂ ਗਈਆਂ ਹਨ, ਜਦੋਂ ਕਿ 1799 ਮਰਦ ਵਿਧਾਇਕ ਚੁਣੇ ਜਾ ਚੁੱਕੇ ਹਨ।

ਪਿਛਲੇ 75 ਸਾਲਾਂ ਦੌਰਾਨ ਪੰਜਾਬ ਵਿੱਚ 16 ਮੁੱਖ ਮੰਤਰੀ ਬਣੇ, ਜਿਨ੍ਹਾਂ ਵਿੱਚੋਂ ਔਰਤ ਮੁੱਖ ਮੰਤਰੀ ਸਿਰਫ ਰਾਜਿੰਦਰ ਕੌਰ ਭੱਠਲ ਹੀ ਸੀ। ਕਾਂਗਰਸ ਪਾਰਟੀ ਦੀ ਰਾਜਿੰਦਰ ਕੌਰ ਭੱਠਲ ਦਾ ਕਾਰਜ ਕਾਲ ਸਿਰਫ 82 ਦਿਨਾਂ ਦਾ ਸੀ ਜੋ ਕਿ ਪੰਜਾਬ ਦੇ ਹੁਣ ਤੱਕ ਰਹਿ ਚੁੱਕੇ ਮੁੱਖ ਮੰਤਰੀਆਂ ਵਿੱਚੋਂ ਸਭ ਤੋਂ ਘੱਟ ਸੀ। ਭੱਠਲ ਪੰਜਾਬ ਦੀ ਪਹਿਲੀ ਇਸਤਰੀ ਉਪ ਮੁੱਖ ਮੰਤਰੀ ਵੀ ਰਹਿ ਚੁੱਕੀ ਹੈ।

ਭੱਠਲ ਤੋਂ ਇਲਾਵਾ ਹੁਣ ਤੱਕ ਕੁਝ ਹੀ ਔਰਤਾਂ ਨੇ ਪੰਜਾਬ ਸਰਕਾਰ ਦੇ ਮੰਤਰੀ ਮੰਡਲ ਵਿੱਚ ਮੰਤਰੀ ਦੇ ਅਹੁਦੇ ਤੇ ਕੰਮ ਕੀਤਾ ਹੈ ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਡਾਕਟਰ ਉਪਿੰਦਰਜੀਤ ਕੌਰ ਜੋ ਕਿ ਪੰਜਾਬ ਦੀ ਇਕੱਲੀ ਨਾਰੀ ਵਿੱਤ ਮੰਤਰੀ ਰਹੀ ਹੈ। ਪਹਿਲੀ ਅਤੇ ਇੱਕੋ-ਇੱਕ ਮੁਸਲਿਮ ਮੰਤਰੀ ਹੋਣ ਦਾ ਮਾਣ ਕਾਂਗਰਸ ਪਾਰਟੀ ਦੀ ਰਜ਼ੀਆ ਸੁਲਤਾਨ ਨੂੰ ਪ੍ਰਾਪਤ ਹੋਇਆ। ਮੌਜੂਦਾ ਸਮੇਂ ਦੀ ਆਮ ਆਦਮੀ ਪਾਰਟੀ ਸਰਕਾਰ ਵਿੱਚ ਸਿਰਫ ਦੋ ਔਰਤਾਂ ਹੀ ਮੰਤਰੀ ਦੇ ਅਹੁਦੇ ਤੇ ਨਿਯੁਕਤ ਹਨ - ਅਨਮੋਲ ਗਗਨ ਮਾਨ ਅਤੇ ਡਾਕਟਰ ਬਲਜੀਤ ਕੌਰ।

**ਪੰਜਾਬ ਦੀ ਰਾਜਨੀਤੀ ਵਿੱਚ ਔਰਤਾਂ ਦੀ ਭੂਮਿਕਾ**

ਇਸ ਵਾਰਤਾ ਦਾ ਸਾਰ **ਪੰਜਾਬੀ ਵਿੱਚ** ਲਿਖੋ। ਤੁਹਾਡਾ ਸਾਰ **90** ਸ਼ਬਦਾਂ ਤੋਂ ਵੱਧ ਨਾ ਹੋਵੇ ਅਤੇ ਇਹ **ਪੂਰੇ ਵਾਕਾਂ ਵਿੱਚ ਹੋਣਾ ਚਾਹੀਦਾ ਹੈ**। ਜਿੱਥੇ ਤੱਕ ਹੋ ਸਕੇ, ਆਪਣੇ ਸ਼ਬਦਾਂ ਵਿੱਚ ਲਿਖੋ। ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਉ:

- ਪੰਜਾਬ ਦੀਆਂ ਹੁਣ ਤੱਕ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਦੀ ਪ੍ਰਤੀਨਿਧਤਾ। **ਦੋ** ਗੱਲਾਂ ਲਿਖੋ। **[2 marks]**
- ਮੁੱਖ ਮੰਤਰੀ ਦੇ ਅਹੁਦੇ ਤੇ ਕੰਮ ਕਰਨ ਵਾਲੀ ਇਸਤਰੀ ਬਾਰੇ ਜਾਣਕਾਰੀ। **ਤਿੰਨ** ਗੱਲਾਂ ਲਿਖੋ। **[3 marks]**
- ਮੰਤਰੀ ਦੇ ਅਹੁਦੇ ਤੇ ਕੰਮ ਕਰਨ ਵਾਲੀਆਂ ਔਰਤਾਂ। **ਦੋ** ਗੱਲਾਂ ਲਿਖੋ। **[2 marks]**

ਨੋਟ: 5 ਅੰਕ ਚੰਗੀ ਭਾਸ਼ਾ ਲਈ ਹਨ। ਇਸ ਲਈ **ਜਿੱਥੇ ਤੱਕ ਸੰਭਵ ਹੋ ਸਕੇ, ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ।**

**[5 marks]**

*Do not write outside the box*

*Do not write outside the box*

12

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 3** **ਪੰਜਾਬ ਦਾ ਲੋਕ ਨਾਚ – ਭੰਗੜਾ**

ਪੰਜਾਬ ਦੇ ਲੋਕ-ਨਾਚ ਭੰਗੜੇ ਬਾਰੇ ਇਹ ਬਲੌਗ ਪੜ੍ਹੋ। ਬਲੌਗ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਭੰਗੜੇ ਦਾ ਤਾਲ ਅਤੇ ਢੋਲ ਨਾਲ ਵੱਡਾ ਸੰਬੰਧ ਹੈ। ਵੈਸੇ ਤਾਂ ਭੰਗੜੇ ਵਿੱਚ ਢੋਲ ਤੋਂ ਇਲਾਵਾ ਤੂੰਬੀ, ਸੱਪ, ਚਿਮਟਾ ਅਤੇ ਕਾਟੋ ਵਰਗੇ ਸਾਜ਼ ਵੀ ਵਰਤੇ ਜਾਂਦੇ ਹਨ ਪਰ ਭੰਗੜੇ ਦੀ ਰੂਹ ਢੋਲ ਨੂੰ ਹੀ ਮੰਨਿਆ ਗਿਆ ਹੈ। ਢੋਲ ਵਜਾਉਣ ਵਾਲੇ ਨੂੰ ਢੋਲੀ ਕਿਹਾ ਜਾਂਦਾ ਹੈ। ਢੋਲੀ ਜਿਹੜੀ ਤਾਲ ਵਜਾਉਂਦਾ ਹੈ, ਉਸ ਦੀ ਲੈਅ ਤੇ ਹੀ ਨੱਚਣ ਵਾਲੇ ਪਹਿਲਾਂ ਹੌਲੀ ਅਤੇ ਫਿਰ ਸਹਿਜੇ-ਸਹਿਜੇ ਤੇਜ਼ ਗਤੀ ਨਾਲ ਨੱਚਦੇ ਹਨ। ਚੰਗੇ ਢੋਲੀ ਤਾਂ ਸੋਹਣੀਆਂ ਤਾਲਾਂ ਵਜਾ ਕੇ ਉਨ੍ਹਾਂ ਲੋਕਾਂ ਨੂੰ ਵੀ ਨਚਾ ਦਿੰਦੇ ਹਨ ਜਿਹੜੇ ਨੱਚਣਾ ਨਹੀਂ ਜਾਣਦੇ।

ਭੰਗੜਾ ਪਹਿਲਾਂ ਪਾਕਿਸਤਾਨੀ ਪੰਜਾਬ ਵਿੱਚ ਹੀ ਜ਼ਿਆਦਾ ਪ੍ਰਸਿੱਧ ਸੀ। ਭਾਰਤ ਵਿੱਚ ਭੰਗੜਾ ਸੰਨ 1947 ਤੋਂ ਬਾਅਦ ਕੁਝ ਸ਼ਰਨਾਰਥੀ ਪਰਿਵਾਰਾਂ ਦੇ ਉਪਰਾਲਿਆਂ ਕਰਕੇ ਮਸ਼ਹੂਰ ਹੋਇਆ। ਪੱਛਮੀ ਪੰਜਾਬ ਤੋਂ ਭਾਰਤ ਆਏ 'ਬਾਜ਼ੀਗਰ' ਜਾਤੀ ਦੇ ਨੱਚਣ ਵਾਲੇ ਮਰਦਾਂ ਨੇ ਮਨੋਹਰ ਸਿੰਘ ਦੀਪਕ ਅਤੇ ਸਾਥੀਆਂ ਨਾਲ ਮਿਲ ਕੇ ਭੰਗੜਾ ਸਿਰਫ ਵਿਸਾਖੀ ਦੇ ਮੇਲਿਆਂ ਤੇ ਹੀ ਨਹੀਂ ਬਲਕਿ ਹੋਰ ਵੀ ਕਈ ਮੌਕਿਆਂ ਤੇ ਪਾਇਆ। ਇੰਝ ਭੰਗੜਾ ਪੰਜਾਬੀ ਸਭਿਆਚਾਰ ਦਾ ਪ੍ਰਤੀਕ ਬਣਨਾ ਸ਼ੁਰੂ ਹੋ ਗਿਆ। ਭੰਗੜੇ ਨੂੰ ਪੰਜਾਬ ਦੇ ਲੋਕ ਨਾਚ ਵਜੋਂ ਮਾਨਤਾ ਸੰਨ 1954 ਤੋਂ ਮਿਲਣੀ ਸ਼ੁਰੂ ਹੋਈ ਜਦੋਂ ਮਨੋਹਰ ਦੀਪਕ ਦੀ ਅਗਵਾਈ ਹੇਠ ਭੰਗੜੇ ਦੀ ਟੋਲੀ ਨੇ ਦਿੱਲੀ ਵਿਖੇ 26 ਜਨਵਰੀ ਨੂੰ ਗਣਤੰਤਰ ਦਿਵਸ ਦੀ ਪਰੇਡ ਵਿੱਚ ਪ੍ਰਦਰਸ਼ਨ ਕੀਤਾ। ਇਸ ਤੋਂ ਬਾਅਦ ਹੌਲੀ-ਹੌਲੀ ਇਹ ਲੋਕ ਨਾਚ ਫ਼ਿਲਮਾਂ ਵਿੱਚ ਵੀ ਨਜ਼ਰ ਆਉਣਾ ਸ਼ੁਰੂ ਹੋ ਗਿਆ।

ਅੱਜ ਭੰਗੜਾ ਸਾਰੇ ਸੰਸਾਰ ਵਿੱਚ ਹਰਮਨ ਪਿਆਰਾ ਹੋ ਗਿਆ ਹੈ। ਭੰਗੜੇ ਵਿੱਚ ਪਾਏ ਜਾਣ ਵਾਲੇ ਰੰਗਲੇ ਪਹਿਰਾਵੇ ਦਾ ਭੰਗੜੇ ਦੀ ਪ੍ਰਸਿੱਧੀ ਵਿੱਚ ਵੱਡਾ ਹੱਥ ਹੈ। ਭੰਗੜੇ ਦੇ ਪਹਿਰਾਵੇ ਵਿੱਚ ਚਾਦਰਾ ਕੁੜਤਾ, ਰੰਗੀਨ ਕੁੜਤੀ, ਲੂੰਗੀ, ਦੁਪੱਟਾ, ਤੁਰਲੇ ਵਾਲੀ ਪੱਗ ਅਤੇ ਕੋਕੇ ਨਾਲ ਜੜੀ ਡਾਂਗ ਸ਼ਾਮਲ ਹਨ। ਸੁਰਿੰਦਰ ਛਿੰਦਾ, ਸੁਰਜੀਤ ਬਿੰਦਰਖੀਆ ਅਤੇ ਏ.ਐੱਸ. ਕੰਗ ਵਰਗੇ ਕਈ ਕਲਾਕਾਰਾਂ ਦੇ ਗੀਤਾਂ ਅਤੇ ਬੋਲੀਆਂ ਕਰਕੇ ਵੀ ਭੰਗੜੇ ਨੂੰ ਦੁਨੀਆ ਭਰ ਵਿੱਚ ਪ੍ਰਸਿੱਧੀ ਮਿਲੀ ਹੈ।

**0 3 . 1** ਇਸ ਬਲੌਗ ਤੋਂ ਭੰਗੜੇ ਵਿੱਚ ਢੋਲੀ ਦੀ ਭੂਮਿਕਾ ਬਾਰੇ ਕੀ ਜਾਣਕਾਰੀ ਮਿਲਦੀ ਹੈ? **ਦੋ** ਗੱਲਾਂ ਲਿਖੋ।

**[2 marks]**

___

___

___

___

Do not write outside the box

**0 3 . 2** ਭਾਰਤ ਵਿੱਚ ਭੰਗੜਾ ਪੰਜਾਬ ਦੀ ਪਛਾਣ ਕਿਵੇਂ ਬਣਿਆ ? **ਤਿੰਨ** ਗੱਲਾਂ ਲਿਖੋ ।

**[3 marks]**

______________________________________________

______________________________________________

______________________________________________

______________________________________________

______________________________________________

______________________________________________

**0 3 . 3** ਭੰਗੜੇ ਨੂੰ ਦੁਨੀਆ ਵਿੱਚ ਮਸ਼ਹੂਰ ਕਰਨ ਲਈ ਕਿਹੜੇ ਤੱਤਾਂ ਨੇ ਯੋਗਦਾਨ ਪਾਇਆ ਹੈ ? **ਦੋ** ਗੱਲਾਂ ਲਿਖੋ ।

**[2 marks]**

______________________________________________

______________________________________________

______________________________________________

______________________________________________

7

**Turn over for the next question**

Do not write outside the box

**0 4** **'ਪੰਜਾਬ ਦੀ ਕੋਇਲ' – ਸੁਰਿੰਦਰ ਕੌਰ**

ਪੰਜਾਬ ਦੀ ਮਸ਼ਹੂਰ ਗਾਇਕਾ ਸੁਰਿੰਦਰ ਕੌਰ ਬਾਰੇ ਇਹ ਵਾਰਤਾ ਪੜ੍ਹੋ। ਵਾਰਤਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਸੰਨ 1927 ਵਿੱਚ ਲਾਹੌਰ ਵਿਖੇ ਜਨਮੀ ਸੁਰਿੰਦਰ ਕੌਰ ਨੇ 12 ਸਾਲ ਦੀ ਉਮਰ ਤੋਂ ਹੀ ਸ਼ਾਸਤਰੀ ਸੰਗੀਤ ਦੀ ਵਿੱਦਿਆ ਮੁਸਲਿਮ ਉਸਤਾਦ ਇਨਾਇਤ ਹੁਸੈਨ ਅਤੇ ਹਿੰਦੂ ਉਸਤਾਦ ਮਨੀ ਪ੍ਰਸ਼ਾਦ ਤੋਂ ਲੈਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ ਪਟਿਆਲਾ ਸੰਗੀਤ ਘਰਾਣੇ ਦੇ ਉਸਤਾਦਾਂ ਤੋਂ ਗਜ਼ਲ ਗਾਇਕੀ ਅਤੇ ਠੁਮਰੀ ਗਾਉਣ ਦਾ ਹੁਨਰ ਵੀ ਸਿੱਖਿਆ। ਕਾਫ਼ੀਆਂ ਗਾਉਣ ਦੀ ਕਲਾ ਉਨ੍ਹਾਂ ਨੇ ਕੁੰਦਨ ਲਾਲ ਸ਼ਰਮਾ ਤੋਂ ਸਿੱਖੀ। ਸੰਨ 1943 ਵਿੱਚ ਉਨ੍ਹਾਂ ਨੇ ਆਪਣੀ ਭੈਣ ਪ੍ਰਕਾਸ਼ ਕੌਰ ਨਾਲ ਲਾਹੌਰ ਰੇਡੀਉ ਤੇ 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਂਏਂ' ਗੀਤ ਗਾਇਆ ਜੋ ਕਿ ਕੁਝ ਹੀ ਦਿਨਾਂ ਬਾਅਦ ਰਿਕਾਰਡਿੰਗ ਜਗਤ ਦੀ ਪ੍ਰਸਿੱਧ ਐੱਚ.ਐਮ.ਵੀ. ਕੰਪਨੀ ਨੇ ਦੋਹਾਂ ਭੈਣਾਂ ਦੀ ਆਵਾਜ਼ ਵਿੱਚ ਰਿਕਾਰਡ ਕੀਤਾ। ਇਸ ਰਿਕਾਰਡ ਦੀ ਬਹੁਤ ਵਿਕਰੀ ਹੋਈ ਅਤੇ ਇਹ ਗੀਤ ਬਹੁਤ ਮਸ਼ਹੂਰ ਹੋਇਆ।

ਸੰਨ 1948 ਤੋਂ 1952 ਤੱਕ ਸੁਰਿੰਦਰ ਕੌਰ ਨੇ ਬੰਬਈ ਵਿੱਚ ਰਹਿ ਕੇ ਕਈ ਹਿੰਦੀ ਫ਼ਿਲਮੀ ਗੀਤ ਗਾਏ ਪਰ ਉਨ੍ਹਾਂ ਦਾ ਰੁਝਾਨ ਪੰਜਾਬੀ ਗੀਤਾਂ ਵੱਲ ਜ਼ਿਆਦਾ ਸੀ ਜਿਸ ਕਰਕੇ ਉਹ ਮੁੰਬਈ (ਬੰਬਈ) ਛੱਡ ਕੇ ਦਿੱਲੀ ਆ ਗਏ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਹਜ਼ਾਰਾਂ ਪੰਜਾਬੀ ਗੀਤ ਗਾਏ ਜਿਸ ਵਿੱਚ ਸ਼ਿਵ ਕੁਮਾਰ ਬਟਾਲਵੀ ਦੇ ਲਿਖੇ ਗੀਤ, ਬਾਬਾ ਬੁੱਲੇ ਸ਼ਾਹ ਦੀਆਂ ਕਾਫ਼ੀਆਂ, ਧਾਰਮਿਕ ਗਾਣੇ ਅਤੇ ਲੋਕ ਗੀਤ ਵੀ ਸ਼ਾਮਲ ਸਨ। ਉਨ੍ਹਾਂ ਦੀ ਗਾਇਕੀ ਨੇ ਵਿਦੇਸ਼ਾਂ ਵਿੱਚ ਬੈਠੇ ਸਰੋਤਿਆਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਸੁਰਿੰਦਰ ਕੌਰ ਨੂੰ ਭਾਰਤ ਸਰਕਾਰ ਵੱਲੋਂ ਸੰਨ 1953 ਵਿੱਚ ਚੀਨ ਅਤੇ ਸੰਨ 1954 ਵਿੱਚ ਰੂਸ ਵਿਖੇ ਸੰਗੀਤ ਸਮਾਰੋਹਾਂ ਵਿੱਚ ਗਾਉਣ ਲਈ ਭੇਜਿਆ ਗਿਆ।

ਸੰਨ 2002 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡੌਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ। ਸੰਨ 2006 ਵਿੱਚ ਭਾਰਤ ਸਰਕਾਰ ਨੇ ਕਲਾ ਦੇ ਖੇਤਰ ਵਿੱਚ ਯੋਗਦਾਨ ਲਈ ਉਨ੍ਹਾਂ ਨੂੰ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਸੰਨ 2006 ਵਿੱਚ ਉਨ੍ਹਾਂ ਦੀ ਮੌਤ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਸੁਰਿੰਦਰ ਕੌਰ ਨੂੰ ਉਨ੍ਹਾਂ ਦੀ ਸੁਰੀਲੀ ਆਵਾਜ਼ ਕਰਕੇ 'ਪੰਜਾਬ ਦੀ ਕੋਇਲ' ਕਹਿ ਕੇ ਸਤਿਕਾਰ ਕੀਤਾ।

Do not write outside the box

**0 4 . 1** ਵਾਰਤਾ ਅਨੁਸਾਰ ਸੁਰਿੰਦਰ ਕੌਰ ਜੀ ਨੇ ਛੋਟੀ ਉਮਰ ਤੋਂ ਹੀ ਸੰਗੀਤ ਵਿੱਚ ਬਹੁਪੱਖੀ ਨਿਪੁੰਨਤਾ ਕਿਵੇਂ ਹਾਸਲ ਕੀਤੀ ? **ਤਿੰਨ** ਗੱਲਾਂ ਲਿਖੋ।

**[3 marks]**

**0 4 . 2** ਪ੍ਰਕਾਸ਼ ਕੌਰ ਜੀ ਅਤੇ ਸੁਰਿੰਦਰ ਕੌਰ ਜੀ ਦੇ ਗਾਏ ਗਾਣੇ ਨੂੰ ਵਧੇਰੇ ਪ੍ਰਸਿੱਧੀ ਮਿਲਣ ਦਾ ਮੁੱਖ ਕਾਰਨ ਕੀ ਸੀ ?

**[1 mark]**

**0 4 . 3** ਵਾਰਤਾ ਅਨੁਸਾਰ ਦਿੱਲੀ ਆਉਣ ਤੋਂ ਬਾਅਦ ਸੁਰਿੰਦਰ ਕੌਰ ਜੀ ਦੀ ਗਾਇਕੀ ਵਿੱਚ ਕੀ ਬਦਲਾਅ ਆਇਆ ?

**[1 mark]**

**0 4 . 4** ਭਾਰਤ ਸਰਕਾਰ ਨੇ ਸੁਰਿੰਦਰ ਕੌਰ ਜੀ ਦੀ ਆਵਾਜ਼ ਨੂੰ ਵਿਦੇਸ਼ਾਂ ਵਿੱਚ ਪਹੁੰਚਾਉਣ ਲਈ ਕੀ ਯਤਨ ਕੀਤੇ ?

**[1 mark]**

**0 4 . 5** ਸੁਰਿੰਦਰ ਕੌਰ ਜੀ ਨੂੰ ਕਿਸ ਤਰ੍ਹਾਂ ਦੇ ਸਨਮਾਨ ਅਤੇ ਇਨਾਮ ਮਿਲੇ ਸਨ ? **ਦੋ** ਗੱਲਾਂ ਲਿਖੋ।

**[2 marks]**

8

Do not write outside the box

**0 5** **ਘਰ ਦੀ ਰੋਟੀ ਬਾਰੇ ਲੋਕਾਂ ਦਾ ਬਦਲਦਾ ਰਵੱਈਆ**

ਘਰ ਦੀ ਰੋਟੀ ਬਾਰੇ ਲੋਕਾਂ ਦੇ ਬਦਲਦੇ ਰਵੱਈਏ ਬਾਰੇ ਹੇਠ ਲਿਖੀ ਵਾਰਤਾ ਦਾ ਅੰਸ਼ ਪੜ੍ਹੋ ।

Translate the passage into English.

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਘਰਾਂ ਵਿੱਚ ਰੋਟੀ ਬਣਾਉਣ ਦੀ ਪਰੰਪਰਾ ਘਟਦੀ ਜਾ ਰਹੀ ਹੈ । ਪਹਿਲਾਂ ਸਿਰਫ ਖਾਸ ਮੌਕਿਆਂ ਤੇ ਹੀ ਲੋਕ ਢਾਬੇ ਦੇ ਵੰਨ-ਸੁਵੰਨੇ ਅਤੇ ਸਵਾਦ ਖਾਣੇ ਖਾਂਦੇ ਸਨ, ਪਰ ਹੁਣ ਤਾਂ ਕਈ ਲੋਕਾਂ ਲਈ ਇਹ ਆਮ ਗੱਲ ਹੋ ਗਈ ਹੈ । ਇੱਕ ਸਮਾਂ ਸੀ ਜਦੋਂ ਪੰਜਾਬ ਦੇ ਲੋਕ ਘਰ ਦਾ ਬਣਿਆ ਤਾਜ਼ਾ ਖਾਣਾ, ਜਿਵੇਂ ਕਿ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਦਾਲ, ਪੂੜੇ ਅਤੇ ਖੀਰ ਖਾ ਕੇ ਖੁਸ਼ ਹੁੰਦੇ ਸਨ ਅਤੇ ਸਿਹਤਮੰਦ ਰਹਿੰਦੇ ਸਨ । ਪਰ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਇਸ ਤਰ੍ਹਾਂ ਦੇ ਪੌਸ਼ਟਿਕ ਭੋਜਨ ਦੀ ਬਜਾਏ ਭੋਜਨ ਬਾਹਰੋਂ ਮੰਗਵਾ ਕੇ ਖਾ ਰਹੀ ਹੈ ਅਤੇ ਆਪਣੀ ਸਿਹਤ ਨੂੰ ਖਰਾਬ ਕਰ ਰਹੀ ਹੈ ।

**[10 marks]**

Do not write outside the box

10

END OF SECTION A

Turn over for the next section

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

## Section B

## Writing (Research Project)

Answer the question on the research topic you have studied.

You must answer on **one** research topic only.

**Either**

**0 6** **The role of women in Panjabi society**

**or**

**0 7** **Social issues in the Punjab**

**or**

**0 8** **Tourism in the Punjab**

**or**

**0 9** **Partition of the Punjab in 1947**

For each research topic there is a reading passage and an essay title.

Using the information from the reading passage and, linking this information to your own research, write an essay in **Panjabi** of approximately **300 words**.

The marks are allocated as follows:

10 marks for comprehension of the reading passage
10 marks for quality of language
20 marks for cultural knowledge.

Total: 40 marks

**Turn over for Question 6**

Do not write outside the box

**0 6** **The role of women in Panjabi society**

**ਸਮਾਜ ਵਿੱਚ ਔਰਤਾਂ ਦੀ ਬਦਲ ਰਹੀ ਭੂਮਿਕਾ**

ਇਤਿਹਾਸ ਗਵਾਹ ਹੈ ਕਿ ਪੰਜਾਬੀ ਔਰਤ ਦਾ ਪੰਜਾਬੀ ਸਮਾਜ ਵਿੱਚ ਸਥਾਨ ਸ਼ੁਰੂ ਤੋਂ ਹੀ ਚੰਗਾ ਸੀ। ਮੁਢਲੇ ਕਬੀਲੇ ਯੁੱਗ ਵਿੱਚ ਨਾਰੀ ਪ੍ਰਧਾਨ ਸਮਾਜ ਸੀ। ਜਦੋਂ ਤੋਂ ਮਨੁੱਖ ਨੇ ਨਿੱਜੀ ਜਾਇਦਾਦ ਰੱਖਣੀ ਸ਼ੁਰੂ ਕੀਤੀ ਉਦੋਂ ਤੋਂ ਹੀ ਔਰਤ ਦਾ ਸਮਾਜ ਵਿੱਚ ਦਰਜਾ ਨੀਵਾਂ ਹੋ ਗਿਆ। ਮਰਦ ਨੇ ਪੈਦਾਵਾਰੀ ਸਾਧਨਾਂ ਤੇ ਕੰਟਰੋਲ ਕਰਕੇ ਜਾਇਦਾਦ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ ਅਤੇ ਹਰ ਪਾਸੇ ਆਪਣੀ ਸਰਦਾਰੀ ਕਾਇਮ ਕਰ ਲਈ। ਇੰਝ ਔਰਤ ਦੀ ਸਥਿਤੀ ਪਹਿਲਾਂ ਵਾਲੀ ਨਾ ਰਹੀ ਅਤੇ ਉਹ ਮਰਦ ਦੇ ਅਧੀਨ ਹੋ ਗਈ।

ਅੱਜ ਪੰਜਾਬੀ ਔਰਤ ਮਰਦ ਤੋਂ ਪਿੱਛੇ ਨਹੀਂ ਸਗੋਂ ਉਹ ਮਰਦ ਦੇ ਮੁਕਾਬਲੇ ਤੇ ਖੜ੍ਹੀ ਹੈ। ਉਹ ਬਹੁਤ ਵੱਡੇ ਅਤੇ ਮਹੱਤਵਪੂਰਣ ਅਹੁਦਿਆਂ ਤੇ ਬਿਰਾਜਮਾਨ ਹੈ। ਉਹ ਪ੍ਰਸ਼ਾਸਨ, ਫ਼ੌਜ, ਪੁਲਿਸ ਤੇ ਹੋਰ ਖੇਤਰਾਂ ਵਿੱਚ ਮੋਹਰੀ ਬਣ ਕੇ ਕੰਮ ਕਰ ਰਹੀ ਹੈ। ਹੁਣ ਔਰਤਾਂ ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਮੁੱਖ ਮੰਤਰੀ ਦੇ ਅਹੁਦਿਆਂ ਤੇ ਕੰਮ ਕਰ ਚੁੱਕੀਆਂ ਹਨ।

ਕੇਵਲ ਅਮੀਰ ਲੋਕਾਂ ਦੀਆਂ ਕੁੜੀਆਂ ਹੀ ਯੂਨੀਵਰਸਿਟੀ ਤੱਕ ਦੀ ਪੜ੍ਹਾਈ ਕਰਦੀਆਂ ਹਨ। ਆਮ ਪਰਿਵਾਰ ਅਜੇ ਵੀ ਇਹੋ ਸੋਚਦੇ ਹਨ ਕਿ ਕੁੜੀ ਨੇ ਤਾਂ ਸਹੁਰੇ ਘਰ ਜਾਣਾ ਹੈ ਜੇ ਪਰਿਵਾਰ ਦਾ ਭਵਿੱਖ ਸੰਵਾਰਨਾ ਹੈ ਤਾਂ ਮੁੰਡੇ ਨੂੰ ਪੜ੍ਹਾਓ।

ਗਰੀਬਾਂ ਦੇ ਘਰ ਵਿੱਚ ਪੈਦਾ ਹੋਈਆਂ ਕੁੜੀਆਂ ਨੂੰ ਕਈ ਵਾਰੀ ਆਪਣੇ ਪਰਿਵਾਰ ਦੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਘਰ ਤੋਂ ਬਾਹਰ ਜਾ ਕੇ ਮਜ਼ਦੂਰੀ ਕਰਨੀ ਪੈਂਦੀ ਹੈ। ਮਰਦਾਂ ਅਤੇ ਔਰਤਾਂ ਦੀ ਤਨਖਾਹ ਵਿੱਚ ਵੱਡਾ ਪਾੜਾ ਹੈ – ਔਰਤਾਂ ਅਤੇ ਕੁੜੀਆਂ ਨੂੰ ਅਕਸਰ ਆਪਣੇ ਨਾਲ ਕੰਮ ਕਰਨ ਵਾਲੇ ਪੁਰਸ਼ਾਂ ਨੂੰ ਮਿਲਣ ਵਾਲੀ ਤਨਖਾਹ ਦਾ ਕੇਵਲ 50% ਤੋਂ 65% ਤੱਕ ਹੀ ਮਿਲਦਾ ਹੈ। ਖੇਤਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਲਈ ਕੰਮ ਦਾ ਸਮਾਂ ਨਿਸ਼ਚਿਤ ਨਹੀਂ ਹੁੰਦਾ ਉਨ੍ਹਾਂ ਨੂੰ ਕਈ ਵਾਰੀ ਬਿਜਾਈ ਤੇ ਕਟਾਈ ਵੇਲੇ ਬਾਰਾਂ ਤੋਂ ਪੰਦਰਾਂ ਘੰਟੇ ਪ੍ਰਤੀ ਦਿਨ ਕੰਮ ਕਰਨਾ ਪੈਂਦਾ ਹੈ।

Do not write outside the box

**0 6** ਪੰਜਾਬੀ ਵੈੱਬਸਾਈਟ ਤੋਂ ਸਮਾਜ ਵਿੱਚ ਔਰਤਾਂ ਦੀ ਬਦਲ ਰਹੀ ਭੂਮਿਕਾ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

'ਪੰਜਾਬੀ ਸਮਾਜ ਵਿੱਚ ਔਰਤਾਂ ਦੀ ਸਥਿਤੀ ਵਿੱਚ ਜਿਹੜਾ ਸੁਧਾਰ ਹੋਣਾ ਚਾਹੀਦਾ ਸੀ ਉਹ ਅਜੇ ਤੱਕ ਨਹੀਂ ਹੋ ਸਕਿਆ।' ਇਸ ਕਥਨ ਦੀ ਪੁਸ਼ਟੀ ਕਰਨ ਲਈ ਪੰਜਾਬੀ ਸਮਾਜ ਵਿੱਚ ਔਰਤਾਂ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰੋ।

**[40 marks]**

**Turn over ▶**

Do not write outside the box

Do not write outside the box

40

**Turn over for Question 7**

Do not write outside the box

**0 7** **Social issues in the Punjab**

**ਸਮਾਜਿਕ ਸਮੱਸਿਆਵਾਂ ਦੇ ਹੱਲ**

ਪੰਜਾਬ ਵਿੱਚ ਵਿਆਹਾਂ ਤੇ ਫਜ਼ੂਲ ਖਰਚੀ ਬਹੁਤ ਵਧ ਗਈ ਹੈ। ਲੋਕ ਫੋਕੀ ਟੌਹਰ ਦੀ ਖਾਤਰ ਬੇਲੋੜਾ ਪੈਸਾ ਖਰਚ ਕਰਦੇ ਹਨ, ਵਿਖਾਵਾ ਕਰਨ ਲਈ ਵਿਆਹ ਤੋਂ ਪਹਿਲਾਂ ਮੰਗਣੀ ਅਤੇ ਸ਼ਗਨ ਤੇ ਖੁੱਲ੍ਹ ਕੇ ਪੈਸਾ ਪਾਣੀ ਵਾਂਗ ਰੋੜ੍ਹਦੇ ਹਨ। ਇੱਕ ਦੂਜੇ ਨਾਲੋਂ ਵਧ ਕੇ ਮਹਿੰਗੇ ਪੈਲਿਸਾਂ ਤੇ ਖਰਚ ਕਰਨ ਲਈ ਜ਼ਮੀਨ ਤੇ ਬੈਂਕਾਂ ਕੋਲੋਂ ਵੱਡਾ ਕਰਜ਼ਾ ਚੁੱਕ ਲੈਂਦੇ ਹਨ। ਇੱਕ ਰਿਪੋਰਟ ਅਨੁਸਾਰ ਸੰਨ 2022 ਵਿੱਚ ਹੋਈਆਂ ਕੁੱਲ ਖੁਦਕੁਸ਼ੀਆਂ ਵਿੱਚੋਂ 88% ਖੁਦਕੁਸ਼ੀਆਂ ਉਨ੍ਹਾਂ ਕਿਸਾਨਾਂ ਦੀਆਂ ਸਨ, ਜਿਹੜੇ ਉਧਾਰ ਲਏ ਪੈਸੇ ਵਾਪਸ ਕਰਨ ਤੋਂ ਪੂਰੀ ਤਰ੍ਹਾਂ ਅਸਮਰਥ ਸਨ।

ਭਾਵੇਂ ਹੁਣ ਬਹੁਤੇ ਪੰਜਾਬੀ ਲੋਕਾਂ ਦਾ ਕੁੜੀਆਂ ਪ੍ਰਤੀ ਦ੍ਰਿਸ਼ਟੀਕੋਣ ਬਦਲ ਚੁੱਕਾ ਹੈ ਪਰ ਹਾਲੇ ਵੀ ਕੁਝ ਗਰੀਬ ਪੰਜਾਬੀ ਦਾਜ ਦੇਣ ਦੇ ਡਰ ਤੋਂ ਮਾਦਾ ਭਰੂਣ-ਹੱਤਿਆ ਤੋਂ ਗੁਰੇਜ਼ ਨਹੀਂ ਕਰਦੇ। ਇਸ ਭੈੜੀ ਮਾਨਸਿਕਤਾ ਵਾਲੇ ਲੋਕ 'ਸ਼ਾਇਦ ਜੀਵ ਹੱਤਿਆ ਨੂੰ ਤਾਂ ਪਾਪ ਸਮਝਦੇ ਹਨ ਪਰ ਭਰੂਣ-ਹੱਤਿਆ ਨੂੰ ਨਹੀਂ'। ਸੰਨ 2023 ਦੇ ਅੰਕੜਿਆਂ ਅਨੁਸਾਰ, ਮਾਦਾ ਭਰੂਣ-ਹੱਤਿਆ ਦੇ ਕਾਰਨ ਪੰਜਾਬ ਵਿੱਚ ਪ੍ਰਤੀ 1000 ਮੁੰਡਿਆਂ ਪਿੱਛੇ 895 ਕੁੜੀਆਂ ਹਨ।

ਅੱਜ-ਕੱਲ੍ਹ ਪੰਜਾਬ ਵਿੱਚ ਮਿਲਾਵਟਖੋਰੀ ਬਹੁਤ ਵੱਧ ਗਈ ਹੈ; ਦੁੱਧ ਤੋਂ ਲੈ ਕੇ ਖਾਣ-ਪੀਣ ਦੀ ਹਰ ਚੀਜ਼ ਵਿੱਚ ਮਿਲਾਵਟ ਹੋ ਰਹੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮਿਲਾਵਟਖੋਰੀ ਕਰਨ ਵਾਲੇ ਦੁਕਾਨਦਾਰਾਂ ਦੇ ਵਿਰੁੱਧ ਕਤਲ ਦਾ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਜ਼ਿਆਦਾ ਲਾਭ ਕਮਾਉਣ ਦੇ ਚੱਕਰ ਵਿੱਚ ਭੋਲੇ-ਭਾਲੇ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ। ਸੰਨ 2018 ਵਿੱਚ ਭੋਜਨ ਦੀ ਸੁਰੱਖਿਆ ਸਬੰਧੀ ਟੀਮ ਨੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਛਾਪੇਮਾਰੀ ਦੌਰਾਨ 40% ਤੋਂ ਵੱਧ ਭੋਜਨ ਦੇ ਨਮੂਨੇ ਮਨੁੱਖੀ ਖਪਤ ਲਈ ਅਯੋਗ ਪਾਏ।

ਕੁਝ ਹੀ ਸਰਕਾਰੀ ਠੇਕੇ ਰਿਸ਼ਵਤ ਲਏ ਬਿਨ੍ਹਾਂ ਦਿੱਤੇ ਜਾਂਦੇ ਹਨ। ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਨ ਵਾਲੇ ਹੋਰ ਕੋਈ ਨਹੀਂ, ਸਗੋਂ ਰਾਜਸੀ ਨੇਤਾ ਹੀ ਹਨ। ਸਿਆਸਤਦਾਨਾਂ ਵੱਲੋਂ ਰਿਸ਼ਵਤ ਦੀ ਮੰਗ ਕਰਨ ਕਰਕੇ ਕਈ ਉਦਯੋਗ ਵੀ ਪੰਜਾਬ ਵਿੱਚੋਂ ਬਾਹਰ ਚਲੇ ਗਏ ਹਨ। ਇਨ੍ਹਾਂ ਨੇਤਾਵਾਂ ਦੀ ਸਰਪ੍ਰਸਤੀ ਵਿੱਚ ਭੂਮੀ, ਨਸ਼ਾ, ਸ਼ਰਾਬ, ਰੇਤਾ-ਬਜਰੀ, ਆਵਾਜਾਈ, ਵਿੱਦਿਆ ਅਤੇ ਸਿਹਤ ਮਾਫੀਆ ਪੈਦਾ ਹੋਏ ਹਨ ਅਤੇ ਹੋਰ ਪ੍ਰਫੁੱਲਿਤ ਹੋ ਰਹੇ ਹਨ।

*Do not write outside the box*

**0 7** ਪੰਜਾਬੀ ਵੈੱਬਸਾਈਟ ਤੋਂ ਪੰਜਾਬ ਵਿੱਚ ਸਮਾਜਿਕ ਸਮੱਸਿਆਵਾਂ ਦੇ ਹੱਲ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬ ਦੀਆਂ ਮੁੱਖ ਸਮਾਜਿਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰੋ । ਸੁਝਾਅ ਦਿਓ, ਪੰਜਾਬ ਸਰਕਾਰ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕਿਹੜੇ ਕਦਮ ਉਠਾ ਸਕਦੀ ਹੈ ?

**[40 marks]**

**Turn over ▶**

Do not write outside the box

Do not write outside the box

40

Turn over for Question 8

Do not write outside the box

## 0 8 Tourism in the Punjab

### ਪੰਜਾਬ ਦੇ ਖੇਤਰੀ ਖਾਣੇ ਅਤੇ ਪਕਵਾਨ

ਵਿਦੇਸ਼ੀ ਤਾਕਤਾਂ ਨੇ ਸਦੀਆਂ ਤੋਂ ਪੰਜਾਬ ਤੇ ਕਈ ਵਾਰੀ ਹਮਲੇ ਕੀਤੇ, ਉਦਾਹਣ ਦੇ ਤੌਰ ਤੇ ਗ੍ਰੀਸ ਦੇ ਦਾਰਾ ਅਤੇ ਸਿਕੰਦਰ, ਕੇਂਦਰੀ ਏਸ਼ੀਆ ਤੋਂ ਈਰਾਨੀ ਖ਼ਾਨਾਬਦੋਸ਼, ਤੁਰਕ, ਅਫ਼ਗਾਨ ਅਤੇ ਮੁਗਲ। ਹਰੇਕ ਹਮਲੇ ਨੇ ਇਸ ਦੇ ਲੋਕਾਂ, ਖਾਣੇ ਅਤੇ ਖਾਣਾ ਬਣਾਉਣ ਦੇ ਤਰੀਕਿਆਂ ਤੇ ਆਪਣੀ ਡੂੰਘੀ ਛਾਪ ਛੱਡੀ। ਇੰਝ, ਪੰਜਾਬੀ ਪਕਵਾਨ ਇੰਡੋ-ਮੁਗਲ ਸੂਖਮਤਾ ਦਾ ਇੱਕ ਸੁਮੇਲ ਬਣ ਗਏ। ਵੰਡ ਦੇ ਦੌਰਾਨ, ਪਾਕਿਸਤਾਨ ਤੋਂ ਭੱਜ ਕੇ ਆਏ ਪੰਜਾਬੀਆਂ ਨੇ ਆਪਣੇ ਨਾਲ ਲਿਆਂਦੇ ਤੰਦੂਰ ਨਾਲ ਬਾਕੀ ਦੇ ਭਾਰਤ ਲਈ 'ਬਾਰਬੀਕਿਊ' ਦੀ ਪੂਰੀ ਨਵੀਂ ਦੁਨੀਆ ਹੀ ਖੋਲ੍ਹ ਦਿੱਤੀ।

ਪਰਸ਼ੀਆ ਤੋਂ ਸਮੋਸਾ ਆਇਆ ਜਿਸ ਵਿੱਚ ਇਰਾਨੀਆਂ ਵਾਂਗੂ ਬਰੀਕ ਮੀਟ ਭਰਨ ਦੀ ਬਜਾਏ ਸਥਾਨਕ ਲੋਕਾਂ ਨੇ ਮਸਾਲੇਦਾਰ ਆਲੂ ਅਤੇ ਪਨੀਰ ਭਰ ਕੇ ਆਪਣੇ ਖਾਣ ਦੇ ਅਨੁਕੂਲ ਬਣਾਇਆ। ਉੱਤਰੀ ਪੱਛਮੀ ਸਰਹੱਦ ਤੋਂ ਖ਼ਾਨਾਬਦੋਸ਼ ਲੋਕਾਂ ਦੇ ਨਾਲ ਸਧਾਰਨ ਪਰ ਸੁਆਦੀ ਪਕਵਾਨ ਆਏ। ਪਿਸ਼ਾਵਰੀ ਪਕਵਾਨ – ਤੰਦੂਰੀ ਮੀਟ, ਮੱਛੀ, ਹੌਲੀ-ਹੌਲੀ ਪਕਾਇਆ ਭੇਡ ਦਾ ਮੀਟ ਅਤੇ ਮਟਨ ਟਿੱਕਾ ਅਫ਼ਗਾਨੀ ਪ੍ਰਭਾਵ ਅਨੁਸਾਰ ਘੱਟ ਮਸਾਲਿਆਂ ਨਾਲ ਬਣਾਏ ਇਹ ਖਾਣੇ ਅਣਵੰਡੇ ਪੰਜਾਬ ਦੀ ਮਹਾਨ ਵਿਰਾਸਤ ਸਨ। ਹੁਣ ਇਹ ਖਾਣੇ ਪੰਜਾਬ ਦੇ ਰਵਾਇਤੀ ਖਾਣਿਆਂ ਦੀ ਤਰ੍ਹਾਂ ਪੰਜਾਬੀ ਰਸੋਈ ਦਾ ਵੀ ਇੱਕ ਅਟੁੱਟ ਅੰਗ ਬਣ ਗਏ ਹਨ।

ਅੱਜ ਹਰ ਪੰਜਾਬੀ ਚਾਹ ਬੜੇ ਚਾਅ ਨਾਲ ਪੀਂਦਾ ਹੈ ਪਰ ਜੇ ਅੰਗਰੇਜ਼ ਚਾਹ ਨੂੰ ਪੰਜਾਬ ਵਿੱਚ ਨਾ ਲੈ ਕੇ ਆਉਂਦੇ ਤਾਂ ਪੰਜਾਬੀਆਂ ਨੇ ਅੱਜ ਵੀ ਚਾਹ ਤੋਂ ਅਣਜਾਣ ਹੀ ਹੋਣਾ ਸੀ। ਅੰਗਰੇਜ਼ਾਂ ਕਰਕੇ ਹੀ ਬਰੈੱਡ ਅਤੇ ਕੇਕ ਪੰਜਾਬੀਆਂ ਲਈ ਹੋਂਦ ਵਿੱਚ ਆਏ। ਬ੍ਰਿਟਿਸ਼ ਲੋਕਾਂ ਨੇ ਪੰਜਾਬੀ ਪਕਵਾਨਾਂ ਨੂੰ ਆਪਣੇ ਸੁਆਦ ਮੁਤਾਬਕ ਬਣਾਉਣਾ ਸ਼ੁਰੂ ਕੀਤਾ ਇੰਝ ਐਂਗਲੋ-ਇੰਡੀਅਨ ਪਕਵਾਨ, ਜਿਵੇਂ ਕਿ ਕੇਜਰੀ, ਮਲੀਗਾਟੋਨੀ ਸੂਪ ਅਤੇ ਪਿਸ਼-ਪੈਸ਼ ਹੋਂਦ ਵਿੱਚ ਆਏ। ਹੋਰ ਐਂਗਲੋ-ਇੰਡੀਅਨ ਪਕਵਾਨਾਂ ਵਿੱਚ ਸ਼ਾਮਲ ਹਨ: ਚਟਣੀ, ਫਿਸ਼ ਰਿਸੋਲਸ, ਵਿੰਡਲੂ, ਕਾਲਕਲ ਅਤੇ ਰੋਡ ਕੁੱਕੀਜ਼। ਐਂਗਲੋ-ਇੰਡੀਅਨ ਪਕਵਾਨਾਂ ਦੀਆਂ ਚਟਣੀਆਂ ਨੂੰ ਪਕਾਇਆ ਤਾਂ ਜਾਂਦਾ ਹੈ ਪਰ ਫਲਾਂ, ਗਿਰੀਆਂ ਅਤੇ ਸਬਜ਼ੀਆਂ ਨੂੰ ਜ਼ਿਆਦਾ ਮਸਾਲੇਦਾਰ ਨਹੀਂ ਬਣਾਇਆ ਜਾਂਦਾ ਕਿਉਂਕਿ ਅੰਗਰੇਜ਼ ਜ਼ਿਆਦਾ ਮਸਾਲੇਦਾਰ ਭੋਜਨ ਪਸੰਦ ਨਹੀਂ ਕਰਦੇ। ਇੰਗਲੈਂਡ ਵਿੱਚ ਪਹਿਲਾ ਭਾਰਤੀ ਰੈਸਟੋਰੈਂਟ, ਸੰਨ 1809 ਵਿੱਚ ਖੁੱਲ੍ਹਿਆ ਸੀ। ਇਸ ਵੇਲੇ ਅਮਰੀਕਾ, ਕਨੇਡਾ ਅਤੇ ਪੂਰੇ ਯੂਰਪ ਵਿੱਚ 19 000 ਤੋਂ ਵੱਧ ਭਾਰਤੀ ਰੈਸਟੋਰੈਂਟ ਸਫਲਤਾਪੂਰਵਕ ਚੱਲ ਰਹੇ ਹਨ।

Do not write outside the box

**0 8** ਪੰਜਾਬੀ ਰਸਾਲੇ ਵਿੱਚੋਂ ਲਈ ਗਈ ਪੰਜਾਬ ਦੇ ਖੇਤਰੀ ਖਾਣੇ ਅਤੇ ਪਕਵਾਨਾਂ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬ ਦੇ ਖੇਤਰੀ ਖਾਣਿਆਂ ਦਾ ਵਰਣਨ ਕਰਦੇ ਹੋਏ ਲਿਖੋ ਕਿ ਪੰਜਾਬ ਦੇ ਖਾਣੇ ਅਤੇ ਖਾਣਿਆਂ ਨੂੰ ਪਕਾਉਣ ਦੇ ਢੰਗਾਂ ਉੱਤੇ ਕਿਹੜੇ ਵਿਦੇਸ਼ੀ ਪ੍ਰਭਾਵ ਹਨ ।

**[40 marks]**

Do not write outside the box

Do not write outside the box

40

**Turn over for Question 9**

Do not write outside the box

**0 9** **Partition of the Punjab in 1947**

## ਆਧੁਨਿਕ ਸਮਾਜ ਤੇ ਵੰਡ ਦੇ ਪ੍ਰਭਾਵ

ਜੇ ਪੰਜਾਬ ਦੀ ਵੰਡ ਨਾ ਹੋਈ ਹੁੰਦੀ ਤਾਂ ਲਾਹੌਰ ਅਤੇ ਅੰਮ੍ਰਿਤਸਰ ਬਹੁਤ ਜ਼ਿਆਦਾ ਵਿਕਸਤ ਹੋਏ ਹੁੰਦੇ ਪਰ ਇਹ ਇੱਕ ਕੌੜੀ ਸਚਾਈ ਹੈ ਕਿ ਅੱਜ ਭਾਰਤ ਅਤੇ ਪਾਕਿਸਤਾਨ ਦੋ ਵੱਖਰੇ ਮੁਲਕ ਹਨ। ਬੜੇ ਦੁੱਖ ਦੀ ਗੱਲ ਹੈ ਕਿ ਦੋਵੇਂ ਦੇਸ਼ ਚੰਗੇ ਗੁਆਂਢੀਆਂ ਵਾਂਗ ਬਿਲਕੁਲ ਵਿਵਹਾਰ ਨਹੀਂ ਕਰਦੇ। ਹਰ ਵੇਲੇ ਡਰ ਅਤੇ ਅਸ਼ਾਂਤੀ ਵਾਲਾ ਮਾਹੌਲ ਬਣਿਆ ਰਹਿੰਦਾ ਹੈ ਜਿਸ ਕਰਕੇ ਸਰਹੱਦ ਦੇ ਦੋਵੇਂ ਪਾਸੇ ਲੋਕਾਂ ਨੂੰ ਆਪਣੀਆਂ ਆਰਥਿਕ ਸਰਗਰਮੀਆਂ ਕਰਨੀਆਂ ਬਹੁਤ ਮੁਸ਼ਕਲ ਹੋ ਰਹੀਆਂ ਹਨ।

ਪੰਜਾਬ ਦੀ ਵੰਡ ਦਾ ਦੋਵਾਂ ਦੇਸ਼ਾਂ ਵਿਚਲੇ ਵਪਾਰ ਅਤੇ ਵਪਾਰਕ ਸਬੰਧਾਂ ਤੇ ਬਹੁਤ ਬੁਰਾ ਅਸਰ ਪਿਆ। ਵੰਡ ਤੋਂ ਅਗਲੇ ਸਾਲ, ਪਾਕਿਸਤਾਨ ਦੀ ਕੁਲ ਆਯਾਤ ਅਤੇ ਨਿਰਯਾਤ ਵਿੱਚ ਭਾਰਤ ਦਾ ਕ੍ਰਮਵਾਰ 51% ਅਤੇ 24% ਹਿੱਸਾ ਸੀ। ਇਸ ਵਿੱਚੋਂ ਅੱਧੋਂ-ਵੱਧ ਵਪਾਰ ਵਾਹਗਾ ਬਾਰਡਰ ਰਾਹੀਂ ਹੋ ਰਿਹਾ ਸੀ ਜਿਹੜਾ ਕਿ ਪੰਜਾਬ ਲਈ ਬਹੁਤ ਹੀ ਲਾਹੇਵੰਦ ਸੀ ਪਰ ਬਾਅਦ ਵਿੱਚ ਇਹ ਵਪਾਰ ਕਾਫ਼ੀ ਘੱਟ ਗਿਆ। ਸੰਨ 1965 ਦੀ ਜੰਗ ਤੋਂ ਬਾਅਦ ਦੋਵਾਂ ਮੁਲਕਾਂ ਵਿਚਕਾਰ ਵਪਾਰ 9 ਸਾਲਾਂ ਤੱਕ ਬੰਦ ਰਿਹਾ। ਪੰਜਾਬ ਨੂੰ ਇਸ ਦਾ ਬਹੁਤ ਆਰਥਿਕ ਨੁਕਸਾਨ ਝੱਲਣਾ ਪਿਆ। ਦੋਵੇਂ ਪਾਸੇ ਦੇ ਪੰਜਾਬ, ਸਮੁੰਦਰੀ ਬੰਦਰਗਾਹਾਂ ਤੋਂ ਦੂਰ ਹੋਣ ਕਰਕੇ ਸਮੁੰਦਰ ਦੇ ਰਸਤੇ ਲਿਆਂਦੇ ਸਾਮਾਨ ਤੇ ਲਾਗਤ ਬਹੁਤ ਜ਼ਿਆਦਾ ਆਉਂਦੀ ਹੈ।

ਸੰਨ 1965 ਦੀ ਲੜਾਈ ਤੋਂ ਬਾਅਦ ਪੰਜਾਬ ਦੇ ਕੁਝ ਉਦਯੋਗਾਂ ਨੇ ਪੰਜਾਬ ਤੋਂ ਬਾਹਰ ਜਾਣਾ ਸ਼ੁਰੂ ਕਰ ਦਿੱਤਾ। ਬਟਾਲੇ ਦਾ ਬਹੁਤ ਵੱਡਾ ਲੋਹਾ ਉਦਯੋਗ (ਬੀਕੋ) ਹਰਿਆਣਾ ਦੇ ਸ਼ਹਿਰ ਫ਼ਰੀਦਾਬਾਦ ਵਿੱਚ ਚਲਾ ਗਿਆ। ਸੰਨ 1971 ਦੀ ਜੰਗ ਤੋਂ ਬਾਅਦ ਕੁਝ ਹੋਰ ਉਦਯੋਗ ਅੰਮ੍ਰਿਤਸਰ ਅਤੇ ਬਟਾਲੇ ਤੋਂ ਬਾਹਰ ਚਲੇ ਗਏ ਜਿਸ ਦੇ ਫਲਸਰੂਪ ਪੰਜਾਬ ਦੀ ਉਦਯੋਗਿਕ ਅਤੇ ਆਰਥਿਕ ਉੱਨਤੀ ਨੂੰ ਬਹੁਤ ਵੱਡਾ ਧੱਕਾ ਲੱਗਾ। ਜੇ ਵੰਡ ਨਾ ਹੋਈ ਹੁੰਦੀ ਤਾਂ ਦੋਵੇਂ ਦੇਸ਼ ਜੋ ਖਰਚ ਇੱਕ ਦੂਜੇ ਨਾਲੋਂ ਵੱਧ ਚੜ੍ਹ ਕੇ ਹਥਿਆਰ ਖਰੀਦਣ ਤੇ ਕਰਦੇ ਹਨ, ਉਹ ਪੈਸਾ ਲੋਕਾਂ ਦੀ ਭਲਾਈ ਅਤੇ ਦੇਸ਼ ਦੀ ਆਰਥਿਕ ਤਰੱਕੀ ਤੇ ਖਰਚ ਕਰ ਸਕਦੇ ਸਨ।

Do not write outside the box

**0 9** ਪੰਜਾਬੀ ਦੀ ਇੱਕ ਔਨਲਾਈਨ ਅਖਬਾਰ ਵਿੱਚੋਂ ਆਧੁਨਿਕ ਸਮਾਜ ਤੇ ਵੰਡ ਦੇ ਪ੍ਰਭਾਵ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਆਧੁਨਿਕ ਪੰਜਾਬੀ ਸਮਾਜ ਤੇ 1947 ਦੀ ਭਾਰਤ ਅਤੇ ਪਾਕਿਸਤਾਨ ਦੀ ਵੰਡ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰੋ। ਸੁਝਾਅ ਦਿਓ ਕਿ ਪੰਜਾਬ ਸਰਕਾਰ ਆਧੁਨਿਕ ਪੰਜਾਬੀ ਸਮਾਜ ਤੇ ਵੰਡ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਕਿਹੜੇ ਕਦਮ ਉਠਾ ਸਕਦੀ ਹੈ।

**[40 marks]**

**Turn over ▶**

Do not write outside the box

Do not write outside the box

40

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE
ANSWER IN THE SPACES PROVIDED**

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

*Do not write outside the box*

| Question number | Additional page, if required. Write the question numbers in the left-hand margin. |
| --- | --- |
| | |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2024 AQA and its licensors. All rights reserved.